**Series A6BAB/C**

**SET ~ 2**

**Q.P. Code 227/6/2**

Roll No.

| | | | | | | | |
|---|---|---|---|---|---|---|---|
| | | | | | | | |

Candidates must write the Q.P. Code on the title page of the answer-book.

**ਨੋਟ / NOTE :**

(i) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ ਛਪੇ ਹੋਏ **5** ਪੰਨੇ **+ 1** ਮਾਨਚਿੱਤਰ ਹਨ ।
Please check that this question paper contains **5** printed pages **+ 1** Map.

(ii) ਪ੍ਰਸ਼ਨ ਪੱਤਰ ਵਿਚ ਸੱਜੇ ਹੱਥ ਦੇ ਵਲ ਦਿੱਤੇ ਗਏ ਪ੍ਰਸ਼ਨ ਪੱਤਰ ਕੋਡ ਨੂੰ ਪ੍ਰੀਖਿਆਰਥੀ ਉੱਤਰ ਪੁਸਤਿਕਾ ਦੇ ਮੁੱਖ ਪੰਨੇ ਉਪਰ ਲਿਖਣ ।
Q.P. Code given on the right hand side of the question paper should be written on the title page of the answer-book by the candidate.

(iii) ਕਿਰਪਾ ਕਰਕੇ ਜਾਂਚ ਕਰ ਲਵੋ ਕਿ ਇਸ ਪ੍ਰਸ਼ਨ ਪੱਤਰ ਵਿਚ **10** ਪ੍ਰਸ਼ਨ ਹਨ ।
Please check that this question paper contains **10** questions.

(iv) **ਕਿਰਪਾ ਕਰਕੇ ਪ੍ਰਸ਼ਨ ਦਾ ਉੱਤਰ ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ, ਉੱਤਰ ਪੁਸਤਿਕਾ ਵਿਚ ਪ੍ਰਸ਼ਨ ਦਾ ਕ੍ਰਮਾਂਕ (ਸੀਰਿਅਲ ਨੰਬਰ) ਜ਼ਰੂਰ ਲਿੱਖੋ ।**
**Please write down the serial number of the question in the answer-book before attempting it.**

(v) ਇਸ ਪ੍ਰਸ਼ਨ ਪੱਤਰ ਨੂੰ ਪੜ੍ਹਨ ਦੇ ਲਈ 15 ਮਿੰਟ ਦਾ ਸਮਾਂ ਦਿੱਤਾ ਗਿਆ ਹੈ । ਪ੍ਰਸ਼ਨ ਪੱਤਰ ਸਵੇਰੇ 10.15 ਵਜੇ ਵੰਡੇ ਜਾਣਗੇ । 10.15 ਵਜੇ ਤੋਂ 10.30 ਵਜੇ ਤਕ ਪ੍ਰੀਖਿਆਰਥੀ ਕੇਵਲ ਪ੍ਰਸ਼ਨ ਪੱਤਰ ਨੂੰ ਪੜ੍ਹਨਗੇ ਅਤੇ ਇਸ ਸਮੇ ਵਿਚ ਉਹ ਉੱਤਰ ਪੁਸਤਿਕਾ ਵਿਚ ਕੋਈ ਉੱਤਰ ਨਹੀਂ ਲਿਖਣਗੇ ।
15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਭੂਗੋਲ (ਸਿਧਾਂਤਕ)

## (ਪੰਜਾਬੀ ਉਲਥਾ)

# GEOGRAPHY (Theory)

## (Punjabi Version)

*ਸਮਾਂ ਸੀਮਾਂ : 2 ਘੰਟੇ* — *ਪੂਰਨ ਅੰਕ : 35*

*Time allowed : 2 hours* — *Maximum Marks : 35*

***ਵਿਆਪਕ ਨਿਰਦੇਸ਼:***

*ਹੇਠ ਲਿਖੇ ਨਿਰਦੇਸ਼ਾਂ ਨੂੰ ਬਹੁਤ ਧਿਆਨ ਨਾਲ ਪੜ੍ਹੋ ਅਤੇ ਉਨ੍ਹਾਂ ਦੀ ਸਖਤੀ ਨਾਲ ਪਾਲਨ ਕਰੋ :*

(i) *ਇਸ ਪ੍ਰਸ਼ਨ ਪੱਤਰ ਵਿਚ ਕੁਲ **10** ਪ੍ਰਸ਼ਨ ਹਨ ।*

(ii) ***ਸਾਰੇ** ਪ੍ਰਸ਼ਨ ਜ਼ਰੂਰੀ ਹਨ ।*

(iii) *ਇਹ ਪ੍ਰਸ਼ਨ ਪੱਤਰ **ਪੰਜ** ਖੰਡਾਂ ਵਿਚ ਵੰਡਿਆ ਗਿਆ ਹੈ – **ਖੰਡ ਕ, ਖ, ਗ, ਘ** ਅਤੇ **ਙ** ।*

(iv) ***ਖੰਡ ਕ** – ਪ੍ਰਸ਼ਨ ਸੰਖਿਆ **1** ਤੋਂ **3** ਬਹੁਤ ਛੋਟੇ ਉੱਤਰ ਪ੍ਰਕਾਰ ਦੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ **2** ਅੰਕ ਦਾ ਹੈ ।*

(v) ***ਖੰਡ ਖ** – ਪ੍ਰਸ਼ਨ ਸੰਖਿਆ **4** ਸਰੋਤ–ਅਧਾਰਿਤ ਪ੍ਰਸ਼ਨ ਹਨ ਜੋ ਕਿ **3** ਅੰਕ ਦਾ ਹੈ ।*

(vi) ***ਖੰਡ ਗ** – ਪ੍ਰਸ਼ਨ ਸੰਖਿਆ **5** ਅਤੇ **6** ਛੋਟੇ ਉੱਤਰ ਪ੍ਰਕਾਰ ਦੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ **3** ਅੰਕ ਦਾ ਹੈ ।*

(vii) ***ਖੰਡ ਘ** – ਪ੍ਰਸ਼ਨ ਸੰਖਿਆ **7** ਤੋਂ **9** ਤਕ ਲੰਬੇ ਉੱਤਰ ਪ੍ਰਕਾਰ ਦੇ ਪ੍ਰਸ਼ਨ ਹਨ, ਹਰ ਇਕ ਪ੍ਰਸ਼ਨ **5** ਅੰਕ ਦਾ ਹੈ ।*

(viii) ***ਖੰਡ ਙ** – ਪ੍ਰਸ਼ਨ ਸੰਖਿਆ **10** ਮਾਨਚਿੱਤਰ–ਅਧਾਰਿਤ ਪ੍ਰਸ਼ਨ ਹੈ ਜੋ ਕਿ **5** ਅੰਕ ਦਾ ਹੈ ।*

(ix) *ਪ੍ਰਸ਼ਨ ਪੱਤਰ ਵਿਚ ਕੋਈ ਵਿਆਪਕ ਵਿਕਲਪ ਨਹੀਂ ਹਨ । ਹਾਲਾਂਕਿ, ਕੁਛ ਪ੍ਰਸ਼ਨਾਂ ਵਿਚ ਅੰਦਰੂਨੀ ਵਿਕਲਪ ਦਿਤੇ ਗਏ ਹਨ । ਇਸ ਪ੍ਰਕਾਰ ਦੇ ਪ੍ਰਸ਼ਨਾਂ ਵਿਚੋਂ ਕੇਵਲ ਇਕ ਹੀ ਵਿਕਲਪ ਦਾ ਉੱਤਰ ਲਿਖੋ ।*

## ਖੰਡ ਕ

## (ਬਹੁਤ ਛੋਟੇ ਉੱਤਰ ਪ੍ਰਕਾਰ ਦੇ ਪ੍ਰਸ਼ਨ)

***ਸਾਰੇ** ਪ੍ਰਸ਼ਨਾਂ ਦੇ ਉੱਤਰ ਦਿਓ ।* *3×2=6*

**1.** (a) ਪਰਿਵਹਨ (ਟਰਾਂਸਪੋਰਟ) ਕਿਵੇਂ ਟੂਰਿਜ਼ਮ (ਸੈਰ ਸਪਾਟੇ) ਨੂੰ ਪ੍ਰਭਾਵਿਤ ਕਰਦਾ ਹੈ ? ਸਪਸ਼ਟ ਕਰੋ । *2*

**ਜਾਂ**

(b) ਅਰਥਵਿਵਸਥਾ ਕਿਵੇਂ ਸੈਲਾਨੀਆਂ ਨੂੰ ਆਪਣੇ ਵਲ ਆਕਰਸ਼ਿਤ ਕਰਦੀ ਹੈ ? ਸਪਸ਼ਟ ਕਰੋ । *2*

**2.** ਭਾਰਤ ਵਿਚ ਜਲ ਪਰਿਵਹਨ (ਵਾਟਰ ਟਰਾਂਸਪੋਰਟ) ਦੀਆਂ ਕਿਸੇ ਦੋ ਵਿਸ਼ੇਸ਼ਤਾਵਾਂ ਦੀ ਵਿਆਖਿਆ ਕਰੋ । *1+1=2*

**3.** ਦ੍ਵਿਤੀਅਕ ਸਰਗਰਮੀਆਂ ਕਿਵੇਂ ਕੁਦਰਤੀ ਸੰਸਾਧਨਾਂ ਦਾ ਮੁਲ ਵਧਾਂਦੀਆਂ ਹਨ ? ਸਪਸ਼ਟ ਕਰੋ । *2*

## ਖੰਡ ਖ

## (ਸਰੋਤ–ਅਧਾਰਿਤ ਪ੍ਰਸ਼ਨ) *3×1=3*

**4.** ਹੇਠ ਦਿੱਤੇ ਗਏ ਸਰੋਤ ਨੂੰ ਪੜ੍ਹੋ ਅਤੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿੱਖੋ :

### ਉੱਚ–ਪੱਧਰੀ ਟੈਕਨੋਲੋਜੀ ਉਦਯੋਗ

ਇਸ ਉੱਚ–ਪੱਧਰੀ ਟੈਕਨੋਲੋਜੀ ਉਦਯੋਗ ਭੂਦਰਿਸ਼ (ਲੈਂਡਸਕੇਪ) ਵਿਚ ਵੱਡੇ ਵੱਡੇ ਮਕਾਨਾਂ, ਕਾਰਖਾਨਿਆਂ ਅਤੇ ਭੰਡਾਰ ਖੇਤਰਾਂ ਦੇ ਥਾਂ ਤੇ ਆਧੁਨਿਕ, ਨੀਵੇਂ, ਸਾਫ ਸੁਥਰੇ, ਅਡੋ ਅਡ ਦਫਤਰ ਅਤੇ ਪ੍ਰਯੋਗ ਸ਼ਾਲਾਵਾਂ ਦੇਖਣ ਨੂੰ ਮਿਲਦੇ ਹਨ । ਇਸ ਸਮੇਂ ਜੋ ਭੀ ਪ੍ਰਾਦੇਸ਼ਕ ਜਾਂ ਸਥਾਨਕ ਵਿਕਾਸ ਯੋਜਨਾਵਾਂ ਬਣ ਰਹੀਆਂ ਹਨ ਉਨ੍ਹਾਂ ਵਿਚ ਉੱਚੇ ਪੱਧਰ ਦੀ ਟੈਕਨੋਲੋਜੀ (high-tech) ਦੇ ਲਈ ਨਿਉਜਿਤ (ਵਿਉਤ ਅਨੁਸਾਰ) ਵਪਾਰਕ (ਬਿਜ਼ਨਸ) ਪਾਰਕ ਦਾ ਨਿਰਮਾਣ ਕੀਤਾ ਜਾ ਰਿਹਾ ਹੈ ।

ਇਹ ਉੱਚ–ਪੱਧਰੀ ਟੈਕਨੋਲੋਜੀ (High-tech) ਉਦਯੋਗ ਜਿਹੜੇ ਪ੍ਰਾਦੇਸ਼ਿਕ ਰੂਪ ਵਿਚ ਸੰਘਟਿਤ ਹਨ, ਆਤਮ ਨਿਰਭਰ ਅਤੇ ਉੱਚੇ ਪੱਧਰ ਦੀ ਵਿਸ਼ਿਸ਼ਟਤਾ ਦੇ ਲਈ ਹੁੰਦੇ ਹਨ ਜਿਨ੍ਹਾਂ ਨੂੰ ਟੈਕਨੋਪੋਲੀਸ (ਟੈਕਨੋਲੋਜੀਕਲ ਧਰੁਵ) ਕਿਹਾ ਜਾਂਦਾ ਹੈ । ਸੇਨ ਫਰਾਂਸਿਸਕੋ ਦੇ ਨਜ਼ਦੀਕ ਸਿਲੀਕਨ ਘਾਟੀ ਅਤੇ ਸਿਯਟਲ ਦੇ ਨਜ਼ਦੀਕ ਸਿਲੀਕਨ ਜੰਗਲ ਟੈਕਨੋਪੋਲੀਸ ਦੇ ਉਦਾਹਰਣ ਹਨ ।

(4.1) 'ਉੱਚ–ਪੱਧਰੀ ਟੈਕਨੋਲੋਜੀ ਉਦਯੋਗ ਭੂ ਦਰਿਸ਼' ਕਿਸ ਰੂਪ ਵਿਚ ਦੇਖਣ ਨੂੰ ਮਿਲਦਾ ਹੈ ? *1*

(4.2) 'ਪ੍ਰਾਦੇਸ਼ਕ ਅਤੇ ਸਥਾਨਕ ਵਿਕਾਸ ਯੋਜਨਾਵਾਂ' ਵਿਚ ਕਿਸਨੂੰ ਸ਼ਾਮਿਲ ਕੀਤਾ ਜਾਂਦਾ ਹੈ ? *1*

(4.3) 'ਟੈਕਨੋਪੋਲੀਸ' ਦੇ ਕੋਈ ਦੋ ਉਦਾਹਰਣ ਲਿਖੋ । $\frac{1}{2}+\frac{1}{2}=1$

## ਖੰਡ ਗ

## (ਛੋਟੇ ਉੱਤਰ ਪ੍ਰਕਾਰ ਦੇ ਪ੍ਰਸ਼ਨ) *2×3=6*

**5.** (a) ‘‘ਕੋਂਕਣ ਰੇਲਵੇ ਦਾ ਨਿਰਮਾਣ ਭਾਰਤੀ ਰੇਲਵੇ ਦੀ ਇਕ ਖਾਸ ਪ੍ਰਜਾਤੀ ਹੈ ।’’ ਇਸ ਕਥਨ ਦੀ ਪੁਸ਼ਟੀ ਕਰੋ । *3*

**ਜਾਂ**

(b) ‘‘ਭਾਰਤ ਵਿਚ ਉਪਗਰਿਹ ਸੰਚਾਰ ਵਖੋ ਵਖ ਪ੍ਰਕਾਰ ਨਾਲ ਮਹਤਵਪੂਰਨ ਭੂਮਿਕਾ ਨਿਭਾ ਰਿਹਾ ਹੈ ।’’ ਇਸ ਕਥਨ ਦੀ ਪੁਸ਼ਟੀ ਕਰੋ । *3*

**6.** ‘‘ਸ਼ਹਿਰੀ ਵਪਾਰਕ ਕੇਂਦਰਾਂ ਵਿੱਚ ਹੋਰ ਵਧੇਰੇ ਖਾਸ ਤਰਾਂ ਦੀਆਂ ਸ਼ਹਿਰੀ ਸੇਵਾਵਾਂ ਮਿਲਦੀਆਂ ਹਨ ।’’ ਉਦਾਹਰਣਾਂ ਸਹਿਤ ਇਸ ਕਥਨ ਦੀ ਪੁਸ਼ਟੀ ਕਰੋ । *3×1=3*

## ਖੰਡ ਘ

## (ਲੰਬੇ ਉੱਤਰ ਪ੍ਰਕਾਰ ਦੇ ਪ੍ਰਸ਼ਨ) *3×5=15*

**7.** ਸਾਇਬਰ ਸਪੇਸ ਕਿਵੇਂ ਇਲੈਕਟਰਾਨੀ ਕੰਪਯੂਟਰੀਕਰਿਤ ਸਪੇਸ ਦਾ ਸੰਸਾਰ ਹੈ ? ਪਰਖ ਕਰੋ । *5*

**8.** (a) ਭਾਰਤ ਵਿਚ ਉਦਯੋਗ (ਕਾਰਖਾਨੇ) ਕਿਵੇਂ ਜਲ ਪ੍ਰਦੂਸ਼ਣ ਦੇ ਲਈ ਜ਼ੁੰਮੇਵਾਰ ਹਨ ? ਉਦਾਹਰਣਾਂ ਸਹਿਤ ਸਪਸ਼ਟ ਕਰੋ । *5×1=5*

**ਜਾਂ**

(b) ਹਵਾ ਪ੍ਰਦੂਸ਼ਣ ਕੀ ਹੈ ? ਹਵਾ ਪ੍ਰਦੂਸ਼ਣ ਦੇ ਕਾਰਨਾਂ ਅਤੇ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰੋ । *1+2+2=5*

**9.** ਨਿਯੋਜਕ (ਯੋਜਨਾਬੰਦੀ) ਦੀਆਂ ਦੋ ਪੇਸ਼ਕਸ਼ਾਂ (ਉਪਗਮਾਂ) ਦਾ ਵਰਣਨ ਕਰੋ । ‘ਲਕਸ਼ (Target) ਖੇਤਰ ਯੋਜਨਾ’ ਦੀ ਧਾਰਨਾ (ਸੰਕਲਪਨਾ) ਦੀ ਵਿਆਖਿਆ ਕਰੋ । $\frac{1}{2}+\frac{1}{2}+4=5$

## ਖੰਡ ਙ
## (ਮਾਨਚਿੱਤਰ–ਅਧਾਰਿਤ ਪ੍ਰਸ਼ਨ)

**10.** **ਭਾਰਤ** ਦੇ ਦਿਤੇ ਗਏ ਰਾਜਨੀਤਕ ਰੇਖਾ-ਮਾਨਚਿੱਤਰ (ਪੰਨਾ 7 ਤੇ) ਵਿਚ ਹੇਠ ਲਿਖਿਆਂ ਵਿਚੋਂ ਕਿਸੇ ***ਪੰਜ*** ਭੂਗੋਲਕ ਲੱਛਣਾਂ ਨੂੰ ਢੁਕਵੇਂ ਚਿਹਨਾਂ ਰਾਹੀਂ ਦਰਸਾਓ ਅਤੇ ਉਨ੍ਹਾਂ ਦੇ ਨਾਮ ਲਿੱਖੋ : *5×1=5*

(10.1) ਉੱਤਰ ਪ੍ਰਦੇਸ਼ ਵਿਚ ਸਥਿਤ ਤੇਲਸ਼ੋਧਕ ਕਾਰਖਾਨਾ ।

(10.2) ਖੇਤੜੀ – ਤਾਂਬੇ ਦੀਆਂ ਖਾਣਾਂ ।

(10.3) ਓਡਿਸ਼ਾ ਵਿਚ ਸਥਿਤ ਬਾਕਸਾਇਟ ਦੀਆਂ ਖਾਣਾਂ ।

(10.4) ਉੱਤਰ-ਦੱਖਣ ਗਲਿਆਰੇ ਦਾ ਉੱਤਰੀ ਟਰਮਿਨਲ ਸਟੇਸ਼ਨ ।

(10.5) ਬੱਲਾਰੀ – ਲੋਹ-ਖਨਿਜ (ਕੱਚੀ ਧਾਤ) ਦੀਆਂ ਖਾਣਾਂ ।

(10.6) 'ਸੁਨਹਿਰੀ ਚਤੁਰਭੁਜ' (ਗੋਲਡਨ ਕਵਾਡਰੀਲੇਟੇਰਲ) ਨਾਲ ਜੁੜਿਆ ਸਭ ਤੋਂ ਪੱਛਮੀ ਮਹਾਨਗਰ ।

***ਨੋਟ:*** *ਹੇਠ ਲਿਖੇ ਪ੍ਰਸ਼ਨ ਸਿਰਫ* ***ਦ੍ਰਿਸ਼ਟੀ ਵਿਕਲਾਂਗ ਪ੍ਰੀਖਿਆਰਥੀਆਂ*** *ਦੇ ਲਈ ਪ੍ਰਸ਼ਨ ਸੰਖਿਆ 10 ਦੀ ਥਾਂ ਤੇ ਬਦਲਵੇ ਪ੍ਰਸ਼ਨ ਹਨ । ਕਿਸੇ* ***ਪੰਜ*** *ਪ੍ਰਸ਼ਨਾਂ ਦੇ ਉੱਤਰ ਦਿਓ ।*

(10.1) ਉੱਤਰ ਪ੍ਰਦੇਸ਼ ਵਿਚ ਸਥਿਤ ਤੇਲਸ਼ੋਧਕ ਕਾਰਖਾਨੇ ਦਾ ਨਾਮ ਲਿਖੋ ।

(10.2) ਉਸ ਰਾਜ ਦਾ ਨਾਮ ਲਿਖੋ ਜਿਥੇ ਖੇਤੜੀ ਤਾਂਬੇ ਦੀ ਖਾਣ ਸਥਿਤ ਹਨ ।

(10.3) ਓਡਿਸ਼ਾ ਦੇ ਉਸ ਸਥਲ ਦਾ ਨਾਮ ਲਿਖੋ ਜਿੱਥੇ ਬਾਕਸਾਇਟ ਖਾਣਾਂ ਸਥਿਤ ਹਨ ।

(10.4) ਉੱਤਰ-ਦੱਖਣ ਗਲਿਆਰੇ ਦੇ ਉੱਤਰੀ ਟਰਮਿਨਲ ਸਟੇਸ਼ਨ ਦਾ ਨਾਮ ਲਿਖੋ ।

(10.5) ਕਰਨਾਟਕ ਦੇ ਕਿਸੇ ਇਕ ਸਥਾਨ ਦਾ ਨਾਮ ਲਿਖੋ ਜਿਥੇ ਲੋਹਾ-ਖਨਿਜ ਪਦਾਰਥ (ਕੱਚੀ ਧਾਤ) ਦੀਆਂ ਖਾਣਾਂ ਸਿਥਤ ਹਨ ।

(10.6) 'ਸੁਨਹਿਰੀ ਚਤੁਰਭੁਜ' (ਗੋਲਡਨ ਕਵਾਡਰੀਲੇਟੇਰਲ) ਨਾਲ ਜੁੜੇ ਸਭ ਤੋਂ ਪੱਛਮੀ ਮਹਾਨਗਰ ਦਾ ਨਾਮ ਲਿਖੋ । *5×1=5*

## ਪ੍ਰਸ਼ਨ ਸੰ. 10 ਦੇ ਲਈ


ਭਾਰਤ ਦਾ ਰੇਖਾ ਮਾਨਚਿੱਤਰ (ਰਾਜਨੀਤਕ)
Outline Map of India (Political)
km
Scale 1:15000,000
km
100 50 0
100 200 300 400 500